# ਫ਼ਾਇਰ ਸੇਪਰੇਸ਼ਨਸ

***ਫ਼ਾਇਰ ਸੇਪਰੇਸ਼ਨਸ, ਜਿਨ੍ਹਾਂ ਨੂੰ ਫ਼ਾਇਰ ਡੋਰਸ ਵੀ ਕਿਹਾ ਜਾਂਦਾ ਹੈ, ਤੁਹਾਡੀ ਕੰਮ ਦੀ ਥਾਂ ਦੇ ਅੰਦਰ ਸਥਿਤ ਹੁੰਦੇ ਹਨ ਕਿਉਂਕਿ ਇਸ ਕਿਸਮ ਦੇ ਦਰਵਾਜ਼ੇ ਦੇ ਹਿੱਸੇ ਧੂੰਏਂ ਅਤੇ ਅੱਗ ਦੇ ਫੈਲਣ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।***

ਫ਼ਾਇਰ ਸੇਪਰੇਸ਼ਨਸ, ਜਿਨ੍ਹਾਂ ਨੂੰ ਫ਼ਾਇਰ ਡੋਰਸ ਵੀ ਕਿਹਾ ਜਾਂਦਾ ਹੈ, ਤੁਹਾਡੀ ਕੰਮ ਦੀ ਥਾਂ ਦੇ ਅੰਦਰ ਸਥਿਤ ਹੁੰਦੇ ਹਨ ਕਿਉਂਕਿ ਇਸ ਕਿਸਮ ਦੇ ਦਰਵਾਜ਼ੇ ਦੇ ਹਿੱਸੇ ਧੂੰਏਂ ਅਤੇ ਅੱਗ ਦੇ ਫੈਲਣ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।



ਤੁਹਾਨੂੰ ਕਿਵੇਂ ਪਤਾ ਲੱਗਦਾ ਹੈ ਕਿ ਤੁਹਾਡੀ ਕੰਮ ਦੀ ਥਾਂ 'ਤੇ ਅੱਗ ਤੋਂ ਬਚਾਉਣ ਵਾਲੇ ਦਰਵਾਜ਼ੇ ਹੋਣੇ ਚਾਹੀਦੇ ਹਨ?

ਹੇਠਾਂ ਦਿੱਤਾ ਗਿਆ ਅੰਸ਼ National Fire Safety Code 2.2.1.1. (ਰਾਸ਼ਟਰੀ ਫ਼ਾਇਰ ਸੇਫਟੀ ਕੋਡ 2.2.1.1 ਤੋਂ ਲਿਆ ਗਿਆ ਹੈ (ਸਿਰਫ਼ ਅੰਗਰੇਜ਼ੀ ਵਿੱਚ))।

- ਜਿੱਥੇ ਕਿਸੇ ਬਿਲਡਿੰਗ ਵਿੱਚ ਇੱਕ ਤੋਂ ਵੱਧ ਪ੍ਰਮੁੱਖ ਕਬਜ਼ਾ ਹੁੰਦਾ ਹੈ, ਤਾਂ ਅਜਿਹੇ ਕਬਜ਼ਿਆਂ ਨੂੰ NBC (ਨੈਸ਼ਨਲ ਬਿਲਡਿੰਗ ਕੋਡ) ਦੀ ਪਾਲਣਾ ਕਰਦੇ ਹੋਏ ਇੱਕ ਦੂਜੇ ਤੋਂ ਵੱਖ ਕੀਤਾ ਜਾਵੇਗਾ।
- ਜਿੱਥੇ ਕਿਸੇ ਬਿਲਡਿੰਗ ਦੇ ਅੰਦਰ ਕਮਰਿਆਂ ਜਾਂ ਥਾਂਵਾਂ 'ਤੇ ਵਾਧੂ ਖਤਰੇ ਵਾਲਾ ਉਦਯੋਗਿਕ ਕਬਜ਼ਾ ਹੋਵੇ, ਤਾਂ ਅਜਿਹੇ ਕਬਜ਼ੇ ਨੂੰ ਇਸ ਕੋਡ ਅਤੇ NBC ਦੀ ਪਾਲਣਾ ਕਰਦੇ ਹੋਏ ਫ਼ਾਇਰ ਸੇਪਰੇਸ਼ਨਸ ਦੁਆਰਾ ਬਿਲਡਿੰਗ ਦੇ ਬਾਕੀ ਹਿੱਸੇ ਤੋਂ ਵੱਖ ਕੀਤਾ ਜਾਵੇਗਾ।
- ਜਿੱਥੇ ਅਮਲੀ ਹੋਵੇ ਉੱਥੇ ਕਮਰਿਆਂ, ਗਲਿਆਰਿਆਂ, ਸ਼ਾਫਟਸ ਅਤੇ ਹੋਰ ਥਾਂਵਾਂ ਨੂੰ NBC ਦੀ ਪਾਲਣਾ ਕਰਨ ਵਾਲੀਆਂ ਫ਼ਾਇਰ ਸੇਪਰੇਸ਼ਨਸ ਦੁਆਰਾ ਵੱਖ ਕੀਤਾ ਜਾਵੇਗਾ।

ਜਦੋਂ ਵਰਤੇ ਨਾ ਜਾ ਰਹੇ ਹੋਣ ਓਦੋਂ ਇਹ ਦਰਵਾਜ਼ੇ ਹਮੇਸ਼ਾ ਬੰਦ ਹੋਣੇ ਚਾਹੀਦੇ ਹਨ; ਉਹ ਖੋਲ੍ਹੇ ਨਹੀਂ ਜਾ ਸਕਦੇ। ਇਨ੍ਹਾਂ ਦਰਵਾਜ਼ਿਆਂ ਵਿੱਚ ਆਪਣੇ ਆਪ ਬੰਦ ਹੋਣ ਵਾਲੇ ਡਿਵਾਈਸ ਲੱਗੇ ਹੋਣਾ ਜ਼ਰੂਰੀ ਹੈ।

ਹੋ ਸਕਦਾ ਹੈ ਹਰ ਕੋਈ ਲੋੜਾਂ ਨੂੰ ਸਮਝਦਾ ਹੋਵੇ, ਪਰ ਜੇਕਰ ਲੋਕ ਇਹ ਨਹੀਂ ਜਾਣਦੇ ਕਿ ਅੱਗ ਦੇ ਦਰਵਾਜ਼ੇ ਦੀ ਪਛਾਣ ਕਿਵੇਂ ਕਰਨੀ ਹੈ ਤਾਂ ਇਸ ਦੀ ਸੰਭਾਵਨਾ ਹੋ ਸਕਦੀ ਹੈ ਕਿ ਕੋਈ ਵਿਅਕਤੀ ਇਸ ਕਦਮ ਦੇ ਨਤੀਜੇ ਨੂੰ ਸਮਝੇ ਬਿਨਾਂ ਇਸ ਕਿਸਮ ਦੇ ਦਰਵਾਜ਼ੇ ਨੂੰ ਖੋਲ੍ਹ ਦੇਵੇਗਾ।

ਇੱਕ ਫ਼ਾਇਰ ਡੋਰ ਨੂੰ ਅਸਾਨੀ ਨਾਲ ਪਛਾਣਿਆ ਜਾ ਸਕਦਾ ਹੈ ਕਿਉਂਕਿ ਉਸ 'ਤੇ ਦਰਵਾਜ਼ੇ ਦੇ ਕਰਜੇ ਵਾਲੇ ਹਿੱਸੇ ਦੇ ਨਾਲ ਇੱਕ ਲੇਬਲ ਲੱਗਾ ਹੁੰਦਾ ਹੈ ਜਿਸ 'ਤੇ ਫ਼ਾਇਰ ਰੇਟਿੰਗ ਅਤੇ ਇੱਕ ਨਿਰਧਾਰਿਤ ਕ੍ਰਮ ਸੰਖਿਆ ਅਤੇ ਪਲੇਟ ਲੱਗੀ ਹੁੰਦੀ ਹੈ। ਇਸ ਦਰਵਾਜ਼ੇ ਨੂੰ 3/4 ਘੰਟੇ ਦੀ ਰੇਟਿੰਗ ਦਿੱਤੀ ਜਾਂਦੀ ਹੈ। ਤੁਸੀਂ ਹੇਠਾਂ ਦਿੱਤੇ ਗਏ ਚਿੱਤਰ ਵਿੱਚ ਲਾਲ ਆਉਟਲਾਈਨ ਦੇ ਥੱਲੇ ਕ੍ਰਮ ਸੰਖਿਆ ਵੇਖ ਸਕਦੇ ਹੋ:




ਫ਼ਾਇਰ ਰੇਟਿਡ ਲੇਬਲ ਹਮੇਸ਼ਾ ਸ਼ਾਫ਼ ਪੜ੍ਹਨਯੋਗ ਹੋਣਾ ਚਾਹੀਦਾ ਹੈ। ਉਸ ਉੱਤੇ ਪੇਂਟ ਨਹੀਂ ਕੀਤਾ ਜਾ ਸਕਦਾ ਜਾਂ ਉਸ ਨੂੰ ਹਟਾਇਆ ਨਹੀਂ ਜਾ ਸਕਦਾ। ਜੇਕਰ ਲੇਬਲ ਦਾ ਕੋਈ ਹਿੱਸਾ ਢਕਿਆ, ਪੇਂਟ ਕੀਤਾ, ਜਾਂ ਲੇਬਲ ਹਟਾਇਆ ਜਾਂਦਾ ਹੈ, ਤਾਂ ਦਰਵਾਜ਼ਾ ਅਨੁਕੂਲ ਨਹੀਂ ਰਹੇਗਾ ਅਤੇ ਉਸ ਨੂੰ ਬਦਲਣ ਦੀ ਲੋੜ ਹੋਵੇਗੀ (ਨੈਸ਼ਨਲ ਫ਼ਾਇਰ ਕੋਡ ਆਫ਼ ਕੈਨੇਡਾ 2015 (2.2.2.4.))।

ਨਿਰੀਖਣ ਪੂਰਾ ਕਰਨ ਵੇਲੇ ਤੁਹਾਡੇ ਸਾਰੇ ਫ਼ਾਇਰ ਡੋਰਸ 'ਤੇ ਲੇਬਲ ਚੈੱਕ ਕਰਨਾ ਇੱਕ ਵਧੀਆ ਤਰੀਕਾ ਹੁੰਦਾ ਹੈ। ਠੇਕੇਦਾਰਾਂ, ਖ਼ਾਸ ਤੌਰ 'ਤੇ ਪੇਂਟਰਾਂ, ਨੂੰ ਇਨ੍ਹਾਂ ਦਰਵਾਜ਼ਿਆਂ (ਖ਼ਾਸ ਤੌਰ 'ਤੇ ਲੇਬਲ) ਨਾਲ ਜੁੜੇ ਨਿਯਮਾਂ ਬਾਰੇ ਦੱਸਣਾ ਵੀ ਇੱਕ ਵਧੀਆ ਤਰੀਕਾ ਹੁੰਦਾ ਹੈ ਤਾਂ ਜੋ ਉਹ ਇਸ ਬਾਰੇ ਸਾਵਧਾਨ ਰਹਿ ਸਕਣ ਕਿ ਉਨ੍ਹਾਂ ਦੇ ਕਿਸੇ ਵੀ ਹਿੱਸੇ 'ਤੇ ਪੇਂਟ ਨਹੀਂ ਕਰਨਾ ਹੈ।

***ਕੀ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ? RPM ਮਦਦ ਕਰ ਸਕਦਾ ਹੈ!***

RPM ਦਾ Workplace Inspection Training (ਕਾਰਜ ਅਸਥਾਨ ਨਿਰੀਖਣ ਸਿਖਲਾਈ (ਸਿਰਫ਼ ਅੰਗਰੇਜ਼ੀ ਵਿੱਚ)) ਕੋਰਸ ਹੁਣ ਆਨਲਾਈਨ ਹੈ! ਇਹ ਵਰਕਸ਼ਾਪ ਲੋਕਾਂ ਨੂੰ ਇਸ ਦੀ ਬਿਹਤਰ ਸਮਝ ਪ੍ਰਦਾਨ ਕਰਨ ਲਈ ਡਿਜ਼ਾਈਨ ਕੀਤੀ ਗਈ ਹੈ ਕਿ ਕੰਮ ਦੀ ਥਾਂ ਦੇ ਨਿਰੀਖਣਾਂ ਦੇ ਦੌਰਾਨ ਉਹ ਕੀ ਵੇਖ ਰਹੇ ਹਨ। ਇਸ ਨੂੰ ਪੂਰਾ ਕਰਨ ਤੋਂ ਬਾਅਦ, ਭਾਗੀਦਾਰ:

- ਕਾਰਜ ਅਸਥਾਨ ਨਿਰੀਖਣ ਦੀਆਂ ਲੋੜਾਂ ਅਤੇ ਮਕਸਦ ਸਮਝਾਉਣ ਦੇ ਯੋਗ ਹੋਣਗੇ,
- ਇਹ ਜਾਣ ਪਾਉਣਗੇ ਕਿ ਉਹ ਕੀ ਲੱਭ ਰਹੇ ਹਨ ਅਤੇ ਖਤਰੇ ਦੀ ਪਛਾਣ ਕਿਵੇਂ ਕਰਨੀ ਹੈ,
- ਇਸ ਦੀ ਪ੍ਰਕਿਰਿਆ ਨੂੰ ਸਮਝਾਉਣ ਦੇ ਯੋਗ ਹੋਣਗੇ ਕਿ ਨਿਰੀਖਣ ਦੇ ਨਤੀਜੇ ਮਿਲਣ 'ਤੇ ਕੀ ਕਰਨਾ ਚਾਹੀਦਾ ਹੈ, ਅਤੇ
- ਸੁਧਾਰਾਤਮਕ ਕਾਰਵਾਈਆਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਅਤੇ ਰੁਝਾਨਾਂ ਦੀ ਨਿਗਰਾਨੀ ਅਤੇ ਪਛਾਣ ਕਰਨ ਦੇ ਤਰੀਕੇ ਨੂੰ ਸਮਝਣਗੇ।

ਕਿਰਪਾ ਕਰਕੇ ਨੋਟ ਕਰੋ ਕਿ RPM ਕੋਰਸ ਸਿਰਫ਼ RPM ਰਜਿਸਟਰਡ ਕੰਪਨੀਆਂ ਨੂੰ ਹੀ ਪ੍ਰਦਾਨ ਕੀਤੇ ਜਾਂਦੇ ਹਨ। ਤੁਹਾਡੀ ਕੰਪਨੀ ਲਾਜ਼ਮੀ ਤੌਰ 'ਤੇ RPM ਨਾਲ ਰਜਿਸਟਰਡ ਹੋਣੀ ਚਾਹੀਦੀ ਹੈ ਅਤੇ ਪ੍ਰਮਾਣੀਕਰਣ ਲਈ ਕੰਮ ਕਰਨ ਦੀ ਪ੍ਰਕਿਰਿਆ ਵਿੱਚ ਹੋਣੀ ਚਾਹੀਦੀ ਹੈ ਜਾਂ ਮਾਨਤਾ ਦਾ ਸੁਰੱਖਿਅਤ ਕੰਮ ਮੈਨੀਟੋਬਾ ਟਰੱਕਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਹੋਣਾ ਚਾਹੀਦਾ ਹੈ। ਅਜੇ ਤੱਕ RPM ਪ੍ਰੋਗਰਾਮ ਵਿੱਚ ਰਜਿਸਟਰ ਨਹੀਂ ਹੋਈ ਹੈ? ਸ਼ੁਰੂਆਤ ਕਰਨ ਲਈ ਅੱਜ ਦਾ ਦਿਨ ਬਹੁਤ ਵਧੀਆ ਹੈ!



ਫ਼ੋਨ: 204-632-6600 | ਈਮੇਲ: info@rpmsafety.ca | ਵੈੱਬ: www.rpmsafety.ca

ਪਤਾ: 25 Bunting Street, Winnipeg, MB R2X 2P5